1

# ਅਲਕਾਨਾਹ

## ਇਕ ਭਗਤ ਪਿਤਾ

(1:1–2:21)

''ਪਿਤਾ'' ਦੀ ਭੂਮਿਕਾ ਵਿਚ ਜ਼ਿੰਮੇਵਾਰੀਆਂ ਦਾ ਬਹੁਤ ਵੱਡਾ ਬੋਝ ਹੁੰਦਾ ਹੈ। ਸਮਾਜ ਸ਼ਾਸਤਰ ਦੇ ਅਧਿਐਨ ਵਿਚ ਪਰਿਵਾਰ ਵਿਚ ਪਿਤਾ ਦੀ ਭੂਮਿਕਾ ਦਾ ਖ਼ਾਸ ਪ੍ਰਭਾਵ ਵਿਖਾਇਆ ਗਿਆ ਹੈ। ਪਰਿਵਾਰ ਵਿਚ ਬੱਚੇ ਦੀ ਜਜ਼ਬਾਤੀ, ਸਮਾਜਿਕ ਅਤੇ ਧਾਰਮਿਕ ਸੋਚ ਆਮ ਤੌਰ ਤੇ ਪਿਤਾ ਤੇ ਹੀ ਨਿਰਭਰ ਹੈ। ਬੱਚੇ ਦੀਆਂ ਅੱਖਾਂ ਹਮੇਸ਼ਾ ਪਿਤਾ ਭੈਅ ਅਤੇ ਆਤਮ ਵਿਸ਼ਵਾਸ ਨਾਲ ਵੇਖਦੀਆਂ ਹਨ। ਬੱਚਾ ਇਸ ਗੱਲ ਤੇ ਫ਼ਖ਼ਰ ਕਰਦਾ ਹੈ ਕਿ ''ਮੇਰੇ ਪਾਪਾ ਸਭ ਕੁਝ ਕਰ ਸਕਦੇ ਹਨ!'' ਅਜਿਹਾ ਬਚਕਾਨਾ ਦਰਸ਼ਣ ਪਿਤਾ ਦੀ ਅਹਿਮੀਅਤ ਦੀ ਪੂਰੀ ਵਿਆਖਿਆ ਕਰਦਾ ਹੈ। ਹੇਠਾਂ ਦਿੱਤੀ ਕਵਿਤਾ ਇਸ ਦੀ ਅਹਿਮੀਅਤ ਨੂੰ ਹੋਰ ਸਪੱਸ਼ਟ ਕਰਦੀ ਹੈ:

> ਜੇ ਮੈਨੂੰ ਪਿਤਾ ਖ਼ਰੀਦਣ ਜਾਣਾ ਹੋਵੇ, ਤਾਂ ਮੈਂ ਅਜਿਹਾ ਆਦਮੀ ਖ਼ਰੀਦਾਂਗਾ:
> ਜੋ ਇਕ ਛੋਟੇ ਮੁੰਡੇ ਦੇ ''ਕਿਉਂ'' ਦਾ ਜਵਾਬ ਦੇਣ ਲਈ ਤਿਆਰ ਰਹਿੰਦਾ ਹੋਵੇ
> ਜੋ ਛੋਟੇ ਮੁੰਡੇ ਜਾਂ ਕੁੜੀ ਨਾਲ ਬੜੇ ਪਿਆਰ ਨਾਲ ਗੱਲ ਕਰੇ,
> ਜੋ ਥੋੜ੍ਹਾ ਆਪਣਾਪਨ ਅਤੇ ਆਨੰਦ ਦੇਵੇ।
> ਮੈਂ ਤਾਂ ਅਜਿਹਾ ਡੈਡੀ ਚੁਣਾਂਗਾ ਜਿਹੜਾ ਬਾਈਬਲ ਦੇ ਸੁਨਹਿਰੀ ਨਿਯਮ ਨੂੰ ਮੰਨਦਾ ਹੋਵੇ,
> ਅਤੇ ਜਿਹੜਾ ਚਰਚ ਅਤੇ ਬਾਈਬਲ ਸਕੂਲ ਵਿਚ ਲਗਾਤਾਰ ਜਾਂਦਾ ਹੋਵੇ।
> ਆਪਣੇ ਪਰਿਵਾਰਕ ਰੁੱਖ ਤੇ ਲਾਉਣ ਲਈ ਮੈਂ ਸਭ ਤੋਂ ਵਧੀਆ ਡੈਡੀ ਖਰੀਦਾਂਗਾ–
> ਅਤੇ ਫਿਰ ਮੈਂ ਉਸ ਦੇ ਵਾਂਗ ਜੀਣ ਦੀ ਕੋਸ਼ਿਸ਼ ਕਰਾਂਗਾ ਤਾਂ ਜੋ ਉਸ ਨੂੰ ਮੇਰੇ ਤੇ ਮਾਣ ਹੋਵੇ!

ਖ਼ੁਦਾ ਨੇ ਆਦਮੀ ਨੂੰ ''ਪਿਤਾ'' ਦੇ ਰੂਪ ਵਿਚ ਰੱਖਿਆ ਅਤੇ ਪਿਤਾ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦੇ ਕੇ ਉਸ ਤੋਂ ''ਭਗਤੀ'' ਰੱਖਣ ਦੀ ਇੱਛਾ ਵੀ ਕੀਤੀ। ਕਿਸੇ ਨੇ ਕਿਹਾ ਹੈ, ''ਸੱਚੀ ਭਗਤੀ ਮਨ ਦਾ ਅਨੁਸ਼ਾਸਿਤ ਹੋਣਾ ਹੈ, ਜੋ ਅਜਿਹਾ ਮਜ਼ਬੂਤ ਅਤੇ ਖ਼ੂਬਸੂਰਤ ਧੁਰਾ ਹੈ, ਜਿਸ ਦੇ ਰਾਹੀਂ ਇਹ ਪੈਦਾ ਹੁੰਦੀ ਹੈ ਅਤੇ ਜਿਸ ਤੇ ਇਹ ਸੰਗੀਤ ਨਾਲ ਮਿਲ ਜਾਂਦੀ ਹੈ। ਇਹ ਉਸ ਵੱਡੇ ਨਿਯਮ ਵਾਂਗ ਹੈ, ਜੋ ਕਿਸੇ ਨੂੰ ਹੌਲੀ ਹੌਲੀ ਖ਼ੁਦਾ ਦੇ ਤਖ਼ਤ ਦੇ ਆਲੇ ਦੁਆਲੇ ਘੁਮਾਉਂਦੀ ਰਹਿੰਦੀ ਹੈ।'' ਇਹ ਭਗਤ ਆਦਮੀ ਖ਼ੁਦਾ ਤੇ ਭਰੋਸਾ ਰੱਖਣ ਵਾਲਾ ਹੁੰਦਾ ਹੈ। ਆਪਣੇ ਕਿਸੇ ਵੀ ਕੰਮ ਵਿਚ ਉਹ ਖ਼ੁਦਾ ਨੂੰ ਹੀ ਪਹਿਲ ਦਿੰਦਾ ਹੈ! ਪਿਤਾ ਹੋਣ ਲਈ ਇਹੀ ਗੁਣ ਜ਼ਰੂਰੀ ਹੈ!

ਅਲਕਾਨਾ ਭਗਤੀ ਦੀ ਇਕ ਵਧੀਆ ਮਿਸਾਲ ਹੈ, ਉਸ ਦੇ ਲਈ ''ਭਗਤੀ'' ਤੋਂ ਘੱਟ ਸ਼ਬਦ ਸਹੀ ਨਹੀਂ ਹੈ। ਉਸ ਦਾ ਵਿਸ਼ਵਾਸ ਮਜ਼ਬੂਤ ਸੀ, ਜਿਸ ਨਾਲ ਉਸ ਦੀ ਜ਼ਿੰਦਗੀ ਦੇ ਸਾਰੇ

ਕੰਮ ਚੱਲਦੇ ਸਨ। ਉਹ ਅਜਿਹਾ ਆਦਰਸ਼ ਪਿਤਾ ਸੀ, ਜਿਹੋ ਜਿਹਾ ਹਰ ਬੱਚਾ ਆਪਣੇ ਪਿਤਾ ਨੂੰ ਵੇਖਣ ਦਾ ਚਾਹਵਾਨ ਹੁੰਦਾ ਹੈ।

ਇਤਿਹਾਸਕ ਤੌਰ ਤੇ, ਅਲਕਾਨਾਹ ਬਾਰੇ ਐਨੀ ਕੁ ਜਾਣਕਾਰੀ ਹੀ ਮਿਲਦੀ ਹੈ ਕਿ ਉਹ ਕਨਾਨ ਵਿਚ ਵੱਸ ਜਾਣ ਵਾਲਿਆਂ ਦੀ ਪੰਜਵੀਂ ਪੀੜ੍ਹੀ ਵਿੱਚੋਂ ਸੀ। ਉਹ ਲੇਵੀ ਦੇ ਘਰਾਣੇ ਵਿੱਚੋਂ ਸੀ ਅਤੇ ਰਾਮਾ ਵਿਚ ਇਫ਼ਰਾਈਮ ਨਾਂਅ ਦੇ ਇਲਾਕੇ ਵਿਚ ਰਹਿੰਦਾ ਸੀ। ਬਾਈਬਲ ਵਿਚ ਉਸ ਦੇ ਬਾਰੇ 1:1–2:21 'ਚੋਂ ਪਤਾ ਲਗਦਾ ਹੈ ਕਿ ਉਸ ਦੀਆਂ ਦੋ ਪਤਨੀਆਂ ਸਨ, ਜਿਸ ਦੀ ਪੁਰਾਣੇ ਨੇਮ ਵਿਚ ਇਜਾਜ਼ਤ ਸੀ (ਵਿਵਸਥਾਸਾਰ 21:15)। ਖ਼ੁਦਾ ਦੇ ਘਰ ਖੁੱਲ੍ਹ ਦਿਲੀ ਦੀ ਕੁਰਬਾਨੀ ਨਾਲ (1:24) ਇਹ ਸੰਕੇਤ ਦਿੰਦਾ ਹੈ ਕਿ ਉਹ ਅਮੀਰ ਆਦਮੀ ਸੀ। ਮੂਸਾ ਦੀ ਸ਼ਰ੍ਹਾ ਵਿਚ ਇਕ ਤੋਂ ਵੱਧ ਪਤਨੀਆਂ ਰੱਖਣ ਦੀ ਇਜਾਜ਼ਤ ਤਾਂ ਸੀ, ਪਰ ਅਮਲੀ ਤੌਰ ਤੇ ਨਾ ਤਾਂ ਇਸ ਨੂੰ ਕਦੇ ਕਬੂਲਿਆ ਗਿਆ ਸੀ, ਅਤੇ ਨਾ ਖ਼ੁਦਾ ਵੱਲੋਂ ਇਸ ਦਾ ਹੁਕਮ ਸੀ। ਇਸ ਲਈ ਜਿਨ੍ਹਾ ਪਰਿਵਾਰਾਂ ਵਿਚ ਅਜਿਹਾ ਹੁੰਦਾ ਸੀ, ਉਹ ਬਰਬਾਦ ਹੀ ਹੋ ਜਾਂਦੇ ਸਨ!

ਅਲਕਾਨਾਹ ਚੰਗੇ ਚਾਲ ਚਲਣ ਵਾਲਾ ਆਦਮੀ ਸੀ, ਜਿਸ ਦਾ ਖ਼ੁਦਾ ਵਿਚ ਬੜਾ ਯਕੀਨ ਸੀ। ਇਹ ਗੱਲ ਅਹਿਮ ਹੈ ਕਿਉਂਕਿ ਉਹ ਨਿਆਈਆਂ ਦੇ ਦੌਰਾਨ ਹੋਇਆ ਹੈ ਜਦ ਯਹੋਵਾਹ ਪ੍ਰਤੀ ਸਮਰਪਣ ਬਹੁਤ ਗ਼ੈਰ ਮਮੂਲੀ ਸੀ। ਇਕ ਭਗਤ ਪਿਤਾ ਬਾਰੇ ਕੁਝ ਗੱਲਾਂ ਜਾਣ ਕੇ ਅਸੀਂ ਉਸ ਭਗਤੀ ਦੀ ਝਲਕ ਵੇਖ ਸਕਦੇ ਹਾਂ, ਜੋ ਉਹਦੀ ਜ਼ਿੰਦਗੀ ਵਿਚ ਐਨੀ ਅਸਰਦਾਇਕ ਸੀ।

## ਉਸ ਦੀ ਭਗਤੀ ਲਈ ਜ਼ਿੰਮੇਵਾਰ ਗੱਲਾਂ

*ਪਹਿਲਾਂ ਤਾਂ ਅਲਕਾਨਾਹ ਦੀ ਜੀਵਨ ਸ਼ੈਲੀ ਤੋਂ ਉਸ ਦੇ ਬੱਚਿਆਂ ਲਈ ਧਰਮ ਦਾ ਪਤਾ ਲਗਦਾ ਸੀ (1:3)।* ਉਹ ਇਕ ਅਜਿਹਾ ਆਦਮੀ ਸੀ ਜੋ ਮੂਰਤੀਆਂ ਦੇ ਦੇਵਤਿਆਂ ਦੀ ਬਜਾਇ ਯਹੋਵਾਹ ਦੀ ਬੰਦਗੀ ਕਰਦਾ ਸੀ (ਤੁਲਨਾ 7:4)। ਅਲਕਾਨਾਹ ਇਹ ਵੀ ਸਮਝ ਰੱਖਦਾ ਸੀ ਕਿ ਖ਼ੁਦਾ ਸਿਰਫ਼ ਇੱਕੋ ਹੈ ਅਤੇ ਉਸ ਨੇ ਯਹੋਵਾਹ ਦੀ ਸੇਵਾ ਕਰਨਾ ਚੁਣਿਆ ਸੀ। ਖ਼ੁਦਾ ਵਿਚ ਉਸ ਦੇ ਵਿਸ਼ਵਾਸ ਕਰਕੇ, ਉਸ ਦੇ ਬੱਚਿਆਂ ਨੂੰ ਉਸ ਦੇ ਮਾਪਦੰਡ ਮੁਤਾਬਕ ''ਰਹਿਣ'' ਦੀ ਚੁਣੌਤੀ ਮਿਲਦੀ ਸੀ (ਤੁਲਨਾ ਅੱਯੂਬ 1:15)। ਉਹ ਇਕ ਅਜਿਹਾ ਪਿਤਾ ਸੀ ਜਿਹੜਾ ਆਪਣੇ ਘਰ ਵਿਚ ਰੂਹਾਨੀ ਗੱਲਾਂ ਦੀ ਚਰਚਾ ਕਰਦਾ ਸੀ (1:23; ਵਿਵਸਥਾਸਾਰ 6:6–9)। ਕੀ ਤੁਸੀਂ ਆਪਣੇ ਪਰਿਵਾਰ ਤੇ ਪ੍ਰਭਾਵ ਰੱਖਣ ਵਾਲੇ ਅਜਿਹੇ ਪਿਤਾ ਦੀ ਕਲਪਨਾ ਕਰ ਸਕਦੇ ਹੋ? ਸੱਚਮੁੱਚ ਉਹ ਪਰਿਵਾਰ ਕਿੰਨਾ ਖੁਸ਼ਕਿਸਮਤ ਹੈ ਜਿਸ ਨੂੰ ਅਲਕਾਨਾਹ ਵਰਗੇ ਧਰਮੀ ਪਿਤਾ ਦੀ ਬਰਕਤ ਮਿਲੀ ਹੈ! (ਉਤਪਤ 18:19)।

ਇਕ ਪਿਤਾ ਮਿਸਿਸਿੱਪੀ ਦਰਿਆ ਦੇ ਕੰਢੇ ਤੇ ਰਹਿੰਦਾ ਸੀ ਲੋਕ ਉਸ ਨੂੰ ਧਨਵਾਨ ਆਖਦੇ ਸਨ। ਇਕ ਦਿਨ ਉਸ ਵੱਡੇ ਬੇਟੇ ਨੂੰ ਉਸ ਦੇ ਕੋਲ ਬੇਹੋਸ਼ੀ ਦੀ ਹਾਲਤ ਵਿਚ ਲਿਆਂਦਾ ਗਿਆ, ਕਿਉਂਕਿ ਉਸ ਦਾ ਐਕਸੀਡੈਂਟ ਹੋ ਗਿਆ ਸੀ। ਫ਼ੌਰਨ ਡਾਕਟਰ ਨੂੰ ਸੱਦਿਆ ਗਿਆ। ਪਿਤਾ ਨੇ ਡਾਕਟਰ ਤੋਂ ਪੁੱਛਿਆ ਕਿ ਕੀ ਮੁੰਡਾ ਠੀਕ ਹੋ ਜਾਵੇਗਾ? ਉਸ ਨੂੰ ਜਵਾਬ ਮਿਲਿਆ: ''ਨਹੀਂ, ਉਹ ਤਾਂ ਆਖ਼ਰੀ ਸਾਹ ਲੈ ਰਿਹਾ ਹੈ ਅਤੇ ਉਸ ਦਾ ਬਚਣਾ ਨਾਮੁਮਕਿਨ ਹੈ।'' ਪਿਤਾ ਨੇ ਕਿਹਾ, ''ਕੀ ਤੁਸੀਂ ਉਸ ਨੂੰ ਮੇਰੇ ਕੋਲ ਲਿਆ ਸਕਦੇ ਹੋ ਤਾਂ ਜੋ ਅਸੀਂ ਉਸ ਨਾਲ ਗੱਲ ਕਰ ਸਕੀਏ? ਮੈਂ ਨਹੀਂ ਚਾਹੁੰਦਾ ਕਿ ਉਹ ਇਸ ਗੱਲ ਨੂੰ ਜਾਣੇ ਬਗ਼ੈਰ ਮਰ ਜਾਵੇ ਕਿ ਉਹ ਮਰ ਰਿਹਾ ਹੈ।'' ਡਾਕਟਰ ਨੇ ਕੋਸ਼ਿਸ਼ ਕੀਤੀ ਅਤੇ ਥੋੜ੍ਹੀ ਦੇਰ ਬਾਅਦ ਮੁੰਡੇ ਨੂੰ ਹੋਸ਼ ਆ ਗਿਆ। ਪਿਤਾ ਪੁਕਾਰ ਉੱਠਿਆ,

''ਡਾਕਟਰ ਕਹਿੰਦਾ ਹੈ ਕਿ ਤੂੰ ਮਰ ਰਿਹਾ ਹੈਂ। ਮੈਂ ਤੈਨੂੰ ਇਹ ਦੱਸੇ ਬਗ਼ੈਰ ਮਰਨ ਨਹੀਂ ਦੇਣਾ ਚਾਹੁੰਦਾ ਸੀ।'' ਬੇਟੇ ਨੇ ਆਖਿਆ, ''ਪਿਤਾ ਜੀ, ਕੀ ਤੁਸੀਂ ਮੇਰੇ ਲਈ ਦੁਆ ਨਹੀਂ ਕਰੋਗੇ?'' ਪਿਤਾ ਖ਼ਾਮੋਸ਼ ਸੀ, ਪਰ ਅਖ਼ੀਰ ਵਿਚ ਹੌਲੀ ਜਿਹੇ ਉਸ ਦੇ ਮੂੰਹ ਵਿੱਚੋਂ ਨਿੱਕਲਿਆ, ''ਮੈਂ ਦੁਆ ਨਹੀਂ ਕਰ ਸਕਦਾ, ਪੁੱਤਰ।'' ਇਸ ਦੇ ਬਾਅਦ ਮੁੰਡਾ ਫੇਰ ਬੇਹੋਸ਼ ਹੋ ਗਿਆ ਅਤੇ ਥੋੜ੍ਹੀ ਦੇਰ ਬਾਅਦ ਮਰ ਗਿਆ। ਇਸ ਦੁਖਾਂਤ ਦਾ ਸਭ ਤੋਂ ਮਾੜਾ ਹਿੱਸਾ ਇਹ ਹੈ ਕਿ ਪਿਤਾ ਆਪਣੇ ਪੁੱਤਰ ਨਾਲ ਸਾਲਾਂ ਤੋਂ ਰਹਿ ਰਿਹਾ ਸੀ, ਪਰ ਉਸ ਨੇ ਉਹਦੇ ਲਈ ਦੁਆ ਇੱਕੋ ਵਾਰ ਕੀਤੀ ਸੀ!

*ਦੂਜਾ, ਅਲਕਾਨਾਹ ਆਪਣੇ ਬੱਚਿਆਂ ਨਾਲ ਖ਼ੁਦਾ ਨਾਲ ਕੀਤਾ ਵਾਅਦਾ ਪੂਰਾ ਕਰਨ ਦੀ ਲੋੜ ਦੱਸਣ ਵਿਚ ਚੌਕਸ ਸੀ (1:21)।* ਨਿਆਈਆਂ ਦਾ ਸਮਾਂ ''ਮੰਨਤਾਂ'' ਦਾ ਯੁੱਗ ਸੀ ਅਤੇ ਇਹ ਉਹਦੀ ਇਕ ਮਿਸਾਲ ਹੈ। ਇਹ ਮੰਨਤ ਸ਼ਾਇਦ ਹੰਨਾਹ ਦੀ ਬੇਨਤੀ ਨਾਲ ਜੁੜੀ ਸੀ। ਅਲਕਾਨਾਹ ਦੇ ਪਰਿਵਾਰ ਨੂੰ ਜ਼ਰੂਰ ਉਸ ਵਾਅਦੇ ਬਾਰੇ ਪਤਾ ਸੀ ਜਿਹੜਾ ਉਸ ਨੇ ਖ਼ੁਦਾ ਨਾਲ ਕੀਤਾ ਹੋਇਆ ਸੀ। ਜਦ ਉਨ੍ਹਾਂ ਨੇ ਆਪਣੇ ਪਿਤਾ ਨੂੰ ਪਹਿਲਾਂ ਖ਼ੁਦਾ ਨਾਲ ਵਾਅਦਾ ਕਰਦਿਆਂ ਅਤੇ ਫੇਰ ਉਸ ਵਾਅਦੇ ਨੂੰ ਪੂਰਾ ਹੁੰਦਿਆਂ ਵੇਖਿਆ, ਤਾਂ ਉਨ੍ਹਾਂ ਨੂੰ ਹੋਰ ਸਮਝਾਉਣ ਦੀ ਲੋੜ ਨਹੀਂ ਰਹੀ ਸੀ। ਆਪਣੇ ਵਿਹਾਰ ਨਾਲ, ਅਲਕਾਨਾਹ ਨੇ ਉਨ੍ਹਾਂ ਨੂੰ ਇਕ ਜ਼ਰੂਰੀ ਸਬਕ ਸਿਖਾ ਦਿੱਤਾ। ਪਿਤਾਓ, ਕੀ ਤੁਸੀਂ ਆਪਣੇ ਬੱਚਿਆਂ ਨੂੰ ਇਹ ਵਿਖਾਉਣ ਦੀ ਲੋੜ ਸਮਝੀ ਹੈ ਕਿ ਖ਼ੁਦਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨਾ ਜ਼ਰੂਰੀ ਹੈ? ਤੁਹਾਡੇ ਨਮੂਨੇ ਨਾਲ ਦੂਜਿਆਂ ਨੂੰ ਵਧੀਆ ਸਬਕ ਮਿਲ ਸਕਦਾ ਹੈ। ਸੱਚੀ ਨਿਹਚਾ ਦਾ ਸਬੰਧ ਇਮਾਨਦਾਰੀ ਨਾਲ ਕੀਤੇ ਉਨ੍ਹਾਂ ਸਮਝੌਤਿਆਂ ਨਾਲ ਹੈ, ਜਿਹੜੇ ਤੁਸੀਂ ਖ਼ੁਦਾ ਨਾਲ ਕਰਦੇ ਹੋ। (ਪੜ੍ਹੋ 1 ਯੂਹੰਨਾ 2:6; ਜ਼ਬੂਰ 1:1; 116:17, 18; 2 ਰਾਜਿਆਂ 15:1–3; ਅਤੇ ਉਪਦੇਸ਼ਕ ਦੀ ਪੋਥੀ 5:2–6.)

*ਤੀਜਾ ਅਲਕਾਨਾਹ ਆਪਣੇ ਪਰਿਵਾਰ ਨੂੰ ਬੰਦਗੀ ਵਿਚ ਜਾਣ ਅਤੇ ਯੋਗਦਾਨ ਦੇਣ ਲਈ ਉਤਸ਼ਾਹਿਤ ਕਰਦਾ ਸੀ* (1:4, 21)। ਇਹ ਪਿਤਾ ਲਗਾਤਾਰ ਬੰਦਗੀ ਕਰਦਾ ਸੀ ਅਤੇ ਆਪਣੀ ਜ਼ਿੰਮੇਵਾਰੀ ਅਤੇ ਹੱਕ ਨੂੰ ਸਮਝਦੇ ਹੋਏ ਉਹ ਬੰਦਗੀ ਵਿਚ ਜਾਣ ਲਈ ਤਿਆਰ ਰਹਿੰਦਾ ਸੀ। ਉੱਥੇ ਉਹਨੇ ਜਾਣਾ ਨਹੀਂ ਛੱਡਿਆ (ਨਹਮਯਾਹ 10:39; ਇਬਰਾਨੀਆਂ 10:25)। ਉਸ ਨੂੰ ਕਾਫ਼ੀ ਦੂਰ ਪੈਦਲ ਜਾਣਾ ਪੈਂਦਾ ਸੀ ਪਰ ਮੁਸ਼ਕਿਲ ਉਸ ਨੂੰ ਰੋਕ ਨਾ ਸਕੀ। ਧਿਆਨ ਦਿਓ ਕਿ ਉਸ ਨੇ ਇਹ ਵੀ ਯਕੀਨੀ ਬਣਾਇਆ ਕਿ ਉਸ ਦਾ ਪੂਰਾ ਪਰਿਵਾਰ ਉਸ ਦੇ ਨਾਲ ਜਾਵੇ। ''ਸਾਰਾ ਟੱਬਰ'' ਜਾਣ ਦੀ ਕੋਸ਼ਿਸ਼ ਕਰਦਾ ਸੀ (1:21)। ਬੰਦਗੀ ਨੂੰ ਇਕ ਪਰਿਵਾਰਕ ਇਕੱਠ ਦਾ ਸਮਾਂ ਮੰਨਿਆ ਜਾਂਦਾ ਸੀ ਅਤੇ ਉਸ ਬੰਦਗੀ ਨਾਲ ਪਰਿਵਾਰਕ ਏਕਤਾ ਵਧਦੀ ਸੀ। ਪੂਰੇ ਪਰਿਵਾਰ ਦੇ ਨਾਲ ਜਾਣ ਲਈ ਕੁਰਬਾਨੀਆਂ ਅਤੇ ਉਸ ਦੇ ਪ੍ਰਬੰਧਾਂ ਲਈ ਤਿਆਰੀ ਜ਼ਰੂਰੀ ਸੀ। ਪਿਤਾ ਦੇ ਰੂਪ ਵਿਚ ਉਹ ਇਨ੍ਹਾਂ ਸਭ ਗੱਲਾਂ ਵਿਚ ਖ਼ੁਦਾ ਦੀ ਬੰਦਗੀ ਲਈ ਪਰਿਵਾਰ ਨੂੰ ਤਿਆਰ ਕਰਨ ਵਿਚ ਅਗਵਾਈ ਦਿੰਦਾ! ਉਹ ਅਜਿਹਾ ਪਿਤਾ ਸੀ ਜੋ ਆਪਣੇ ਵਿਹਾਰ ਨਾਲ ਉਹੀ ਕੁਝ ਕਰਦਾ ਸੀ ਜੋ ਤਿਆਰੀ ਲਈ ਜ਼ਰੂਰੀ ਸੀ। ਉਸ ਦੀ ਬੰਦਗੀ ਵਿਚ ਤਾਰੀਫ਼, ਇਕਰਾਰ, ਬੇਨਤੀਆਂ ਅਤੇ ਸ਼ੁਕਰਗੁਜ਼ਾਰੀ ਹੁੰਦੀ ਸੀ। ਉਸ ਦੀ ਨਜ਼ਰ ਵਿਚ ਬੰਦਗੀ ਦੀ, ਜ਼ਿੰਦਗੀ ਵਿਚ ਖ਼ਾਸ ਥਾਂ ਸੀ!

ਇਸ ਗੱਲ ਦਾ ਸੰਕੇਤ ਹੈ ਕਿ ਬੰਦਗੀ 'ਚੋਂ ਵਾਪਸ ਆਉਣ ਦੇ ਬਾਅਦ ਵਿਚ ਉਸ ਦੀ ਲਗਨ ਉਵੇਂ ਹੀ ਹੁੰਦੀ ਸੀ (1:19)। ਅਲਕਾਨਾਹ ਦੁਆਵਾਂ ਤੋਂ ਥੱਕਣ ਵਾਲਾ ਨਹੀਂ ਸੀ ਬਲਕਿ ਇਸ ਦੇ ਲਈ ਹਰ ਮੌਕੇ ਦਾ ਫ਼ਾਇਦਾ ਲੈਣ ਵਾਲਾ ਆਦਮੀ ਸੀ। ਤੁਹਾਨੂੰ ਆਪਣੇ ਪਰਿਵਾਰ ਨਾਲ ਉਸ ਦੇ ਵਿਹਾਰ ਤੋਂ ਸ਼ਾਨਦਾਰ ਸਬਕ ਨਹੀਂ ਮਿਲਦਾ? ਪਿਤਾ ਜੇ ਬੰਦਗੀ ਤੋਂ (ਆਪਣੇ ਪਰਿਵਾਰਾਂ

ਨਾਲ) ਵਾਪਸ ਆਉਣ ਦੇ ਬਾਅਦ ਵੀ ਅਜਿਹਾ ਹੀ ਵਿਹਾਰ ਕਰੇ ਤਾਂ ਇਸ ਦਾ ਬੱਚਿਆਂ ਤੇ ਵਧੀਆ ਅਸਰ ਪਵੇਗਾ (ਲੂਕਾ 11:28)।

ਅਜਿਹਾ ਸੰਕੇਤ ਹੈ ਕਿ ਅਲਕਾਨਾਹ ਆਪਣੇ ਬੱਚਿਆਂ ਨੂੰ ਬੰਦਗੀ ਵਿਚ ਹਿੱਸਾ ਲੈਣ ਲਈ ਹੱਲਾ-ਸ਼ੇਰੀ ਦਿੰਦਾ ਸੀ (1:4)। ਕੁਰਬਾਨੀ ਦੇ ਦਿੱਤੀ ਜਾਂਦੀ ਹੋਵੇਗੀ ਅਤੇ ਫਿਰ ਉਸ ਦਾ ਇਕ ਹਿੱਸਾ ਬੰਦਗੀ ਲਈ ਰੱਖ ਦਿੱਤਾ ਜਾਂਦਾ ਹੋਵੇਗਾ। ਪਰਬ ਮਨਾ ਕੇ ਕੁਰਬਾਨੀ ਦਾ ਬਾਕੀ ਮਿਲਿਆ ਹਿੱਸਾ ਖਾ ਲਿਆ ਜਾਂਦਾ ਹੋਵੇਗਾ। ਇਨ੍ਹਾਂ ਦਾਅਵਤਾਂ ਵਿਚ ਖ਼ੁਦਾ ਦਾ ਹੁਕਮ ਲੇਵੀਆਂ, ਗ਼ਰੀਬਾਂ ਅਤੇ ਵਿਧਵਾਵਾਂ ਨੂੰ ਸੱਦਣ ਦਾ ਸੀ (ਵਿਵਸਥਾਸਾਰ 16:11)। ਇਸ ਵਿਚ ਭਾਗ ਲੈਣ ਵਾਲਿਆਂ ਨੂੰ ਆਪਣੇ ਕੰਮਾਂ ਨੂੰ ਖ਼ੁਦਾ ਦੀ ਬੰਦਗੀ ਦੇ ਰੂਪ ਵਿਚ ਵੇਖਣਾ ਜ਼ਰੂਰੀ ਹੁੰਦਾ ਸੀ। ਇਸ ਕਰਕੇ ਇਨ੍ਹਾਂ ਮੌਕਿਆਂ ਤੇ ਅਲਕਾਨਾਹ ਆਪਣੇ ਬੱਚਿਆਂ ਨੂੰ ਖ਼ੁਦਾ ਦੇ ਮੰਜ਼ੂਰਸ਼ੁਦਾ ਢੰਗ ਸਿਖਾ ਰਿਹਾ ਹੁੰਦਾ ਸੀ (ਅਫ਼ਸੀਆਂ 6:4)। ਅੱਜ ਜੇ ਪਿਤਾ ਆਪਣੇ ਬੱਚਿਆਂ ਨੂੰ ਬੰਦਗੀ ਵਿਚ ਲਿਜਾਣ ਅਤੇ ਸਿੱਖਿਅਤ ਕਰਨ ਵਿਚ ਸਮਾਂ ਦੇਣ ਤਾਂ ਕਿੰਨਾ ਚੰਗਾ ਹੋਵੇਗਾ। ਅਕਸਰ ਅਜਿਹਾ ਹੁੰਦਾ ਹੈ ਕਿ ਬੱਚਿਆਂ ਨੂੰ ਬੰਦਗੀ ਦੇ ਢੰਗ ਬਾਰੇ ਕੋਈ ਸਿੱਖਿਆ ਨਹੀਂ ਮਿਲ ਪਾਉਂਦੀ ਜਿਸ ਕਰਕੇ ਉਨ੍ਹਾਂ ਦੀ ਬੰਦਗੀ ਉੱਪਰੋਂ ਉੱਪਰੋਂ ਅਤੇ ਫ਼ਜ਼ੂਲ ਹੁੰਦੀ ਹੈ!

## ਉਸ ਦੇ ਧਰਮੀ ਚਰਿੱਤਰ ਤੋਂ ਮਿਲਣ ਵਾਲੇ ਫ਼ਲ

ਅਲਕਾਨਾਹ ਦਾ ਧਰਮੀ ਹੋਣਾ ਨਾ ਸਿਰਫ਼ ਇਸ ਗੱਲ ਵਿਚ ਵੇਖਣ ਯੋਗ ਹੈ ਕਿ ਉਸ ਨੇ ਆਪਣੇ ਪਰਿਵਾਰ ਨਾਲ ਕਿਹੋ ਜਿਹਾ ਸਬੰਧ ਰੱਖਿਆ, ਬਲਕਿ ਉਸ ਦੇ ਚਰਿੱਤਰ ਵਿਚ ਵੀ ਵੇਖਣ ਯੋਗ ਹੈ ਜੋ ਉਸ ਨੇ ਵਿਖਾਇਆ।

*ਪਹਿਲਾਂ ਤਾਂ ਉਹ ਗੱਲ ਨੂੰ ਸਮਝਦਾ ਸੀ (1:23)।* ਉਸ ਨੇ ਆਪਣੇ ਬੱਚਿਆਂ ਨੂੰ ਛੂਟ ਦਿੱਤੀ ਹੋਈ ਸੀ, ਕਿਉਂਕਿ ਉਹ ਦੂਸਰੇ ਦੀ ਭਾਵਨਾ ਨੂੰ ਸਮਝਣ ਵਾਲਾ ਆਦਮੀ ਸੀ। ਜਿਹੜੇ ਪਿਤਾ ਸਖ਼ਤ, ਬੇਰਹਿਮ ਅਤੇ ਜ਼ਿੱਦੀ ਹੁੰਦੇ ਹਨ, ਉਹ ਆਪਣੇ ਘਰਾਂ ਵਿਚ ਉਸ ਪ੍ਰੇਮ ਦੀ ਭਰਪੂਰੀ ਦਾ ਆਨੰਦ ਕਦੇ ਨਹੀਂ ਲੈ ਪਾਉਂਦੇ ਜਿਹੜਾ ਅਲਕਾਨਾਹ ਨੇ ਲਿਆ। ਜੇ ਪਿਤਾ ਦੇ ਧਰਮੀ ਹੋਣ ਨਾਲ ਲੋਕਾਂ ਨੂੰ ਅਲਕਾਨਾਹ ਵਰਗੀ ਸਮਝ ਮਿਲ ਜਾਵੇ ਤਾਂ ਕਈ ਘਰਾਂ ਦਾ ਭਲਾ ਹੋ ਸਕਦਾ ਹੈ। ਪਰਿਵਾਰਕ ਏਕਤਾ ਹੋ ਸਕਦੀ ਹੈ *ਜੇ ਪਿਤਾ* ਨਰਮ ਪੈ ਜਾਵੇ, ਆਪਣੇ ਆਪ ਨੂੰ ਜ਼ਿੱਦੀ ਹੋਣ ਤੋਂ, ਕੁਝ ਫ਼ਲ ਨਾ ਦੇਣ ਵਾਲੇ ਅਧਿਕਾਰ ਤੋਂ ਦੂਰ ਰੱਖੇ ਅਤੇ ਹਰ ਗੱਲ ਵਿਚ ਸਭ ਦੇ ਜਜ਼ਬਾਤ ਨੂੰ ਸਮਝੇ।

*ਦੂਜਾ, ਉਹ ਰੂਹਾਨੀ ਗੱਲਾਂ ਵਿਚ ਡੂੰਘੀ ਦਿਲਚਸਪੀ ਰੱਖਦਾ ਸੀ (1:21)।* ਹਰ ਸਾਲ ਇਹ ਪੱਕਾ ਹੁੰਦਾ ਸੀ ਕਿ ਉਹ ਜਾਵੇਗਾ, ਭਾਵ ਉਹ ਇਕ ਅਜਿਹਾ ਪਿਤਾ ਸੀ ਜੋ ਆਪਣੇ ਪਰਿਵਾਰ ਸਣੇ ਖ਼ੁਦਾ ਵਿਚ ਡੂੰਘੀ ਆਸਥਾ ਰੱਖਦਾ ਸੀ ਅਤੇ ਅਲਕਾਨਾਹ ਸਭ ਗੱਲਾਂ ਤੋਂ ਰੂਹਾਨੀ ਗੱਲਾਂ ਨੂੰ ਪਹਿਲ ਦਿੰਦਾ ਸੀ।

*ਤੀਜਾ, ਉਹ ਖ਼ੁਦਾ ਤੇ ਨਿਰਭਰ ਰਹਿਣ ਵਾਲਾ ਬਣ ਗਿਆ (1:23, 28)।* ਬਾਲ ਸਮੂਏਲ ਵੱਲ ਵੇਖਦਿਆਂ ਉਸ ਨੇ ਦੁਆ ਕੀਤੀ ਕਿ ਖ਼ੁਦਾ ਉਸ ਦੇ ਪੁੱਤਰ ਨੂੰ ਸੰਭਾਲੇ, ਉਸ ਨੂੰ ਵਧਾਏ ਅਤੇ ਬਰਕਤ ਦੇਵੇ (1:23)। ਉਹ ਜਾਣਦਾ ਸੀ ਕਿ ਇਹ ਸਭ ਖ਼ੁਦਾ ਦੇ ਹੱਥ ਵਿਚ ਹੈ, ਇਸ ਲਈ ਉਸ ਨੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਖ਼ੁਦਾ ਤੇ ਛੱਡ ਦਿੱਤਾ ਸੀ (2:11)। ਹੰਨਾਹ ਦੀ ਇੱਛਾ (1:28) ਯਕੀਨਨ ਅਲਕਾਨਾਹ ਦੀ ਹੀ ਇੱਛਾ ਸੀ। ਆਪਣੇ ਬੱਚੇ ਦੀ ਜ਼ਿੰਦਗੀ

ਭਰ ਰਖਵਾਲੀ ਲਈ ਉਨ੍ਹਾਂ ਨੇ ਖ਼ੁਦਾ ਤੇ ਨਿਰਭਰ ਰਹਿਣਾ ਸੀ।

*ਚੌਥਾ, ਉਸ ਨੂੰ ਬਰਕਤਾਂ ਮਿਲੀਆਂ (2:20)।* ਇੱਥੇ ਬੀਜਣ ਅਤੇ ਵੱਢਣ (ਗਲਾਤੀਆਂ 6) ਦਾ ਨਿਯਮ ਲਾਗੂ ਹੁੰਦਾ ਹੈ। ਜਿਵੇਂ ਜ਼ਬੂਰ 1 ਵਾਲੇ ਧਰਮੀ ਆਦਮੀ ਨੂੰ ਆਪਣੇ ਵਿਸ਼ਵਾਸ ਕਾਰਣ ਢੇਰਾਂ ਬਰਕਤਾਂ ਮਿਲੀਆਂ ਉਸੇ ਤਰ੍ਹਾਂ ਅਲਕਾਨਾਹ ਨੇ ਵੀ ਆਪਣੇ ਧਰਮੀ ਹੋਣ ਕਰਕੇ ਬਹੁਤ ਸਾਰੀਆਂ ਬਰਕਤਾਂ ਪਾਈਆਂ ਸਨ। ਜਿਹੜੇ ਪਿਤਾ ਇਸੇ ਤਰ੍ਹਾਂ ਧਰਮ ਨਾਲ ਬੀਜਦੇ ਹਨ, ਉਹ ਅਜਿਹੀਆਂ ਹੀ ਬਰਕਤਾਂ ਦਾ ਫ਼ਲ ਵੱਢਣਗੇ।

## ਸਾਰ

ਮੈਂ ਆਦਮੀਆਂ ਤੋਂ ਪੁੱਛਦਾ ਹਾਂ ਕਿ ਤੁਸੀਂ ਕਿਹੋ ਜਿਹੇ ਪਿਤਾ ਹੋ? ਕੀ ਤੁਸੀਂ ਅਜਿਹੇ ਪਿਤਾ ਹੋ ਜਿਨ੍ਹਾਂ ਨੂੰ ਤੁਹਾਡੇ ਬੱਚੇ ਖ਼ਰੀਦਣਾ ਪਸੰਦ ਕਰਦੇ ਹੋਣ? ਅਲਕਾਨਾਹ ਵਿਚ ਧਰਮ ਦੀ ਅਜਿਹੀ ਖੂਬੀ ਸੀ ਜਿਸ ਨਾਲ ਪਿਤਾ ਹੋਣ ਦੀ ਉਸ ਦੀ ਜ਼ਿੰਮੇਵਾਰੀ ਪੂਰੀ ਹੋਈ। ਉਹ ਖ਼ੁਦਾ ਨਾਲ ਸਹਿਯੋਗ ਕਰਨ ਅਤੇ ਆਪਣੇ ਬੱਚਿਆਂ ਨੂੰ ਧਰਮ ਦੇ ਰਾਹਾਂ ਦੀ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਨਾਲ ਭਰਿਆ ਹੋਇਆ ਸੀ।

ਆਪਣੇ ਆਪ ਨੂੰ ਇਕ ਧਰਮੀ ਪਿਤਾ ਬਣਾਉਣ ਲਈ ਅਲਕਾਨਾਹ ਦੀ ਇਹ ਮਿਸਾਲ ਆਪਣੀ ਜ਼ਿੰਦਗੀ ਵਿਚ ਲਾਗੂ ਕਰੋ। ਆਪਣੇ ਬੱਚਿਆਂ ਸਾਹਮਣੇ ਹਰ ਰੋਜ਼ ਧਰਮੀ ਵਿਸ਼ਵਾਸ ਵਿਖਾਓ। ਆਪਣੇ ਬੱਚਿਆਂ ਨੂੰ ਖ਼ੁਦਾ ਨਾਲ ਕੀਤੇ ਸਭ ਵਾਅਦੇ ਪੂਰੇ ਕਰਨ ਦੀ ਲੋੜ ਦੱਸਣ ਵਿਚ ਚੌਕਸ ਰਹੋ। ਆਪਣੇ ਬੱਚਿਆਂ ਨੂੰ ਸਚਿਆਈ ਨਾਲ ਖ਼ੁਦਾ ਦੀ ਬੰਦਗੀ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੋ।

2:21 ਦੇ ਬਾਅਦ ਅਲਕਾਨਾਹ ਨਜ਼ਰੋਂ ਉਹਲੇ ਹੋ ਜਾਂਦਾ ਹੈ। ਪਰ ਆਪਣੇ ਆਖ਼ਰੀ ਸਾਲਾਂ ਵਿਚ ਉਹ ਫੇਰ ਨਜ਼ਰ ਆਉਂਦਾ ਹੈ। ਸ਼ਾਇਦ ਸਮੂਏਲ ਦੇ ਰਾਮਾ ਵਿਚ ਮੁੜ ਜਾਣ ਤਕ ਉਸ ਦੇ ਮਾਤਾ ਪਿਤਾ ਜ਼ਿੰਦਾ ਹੀ ਸਨ। ਜੇ ਸਨ ਤਾਂ ਉਹ ਉਨ੍ਹਾਂ ਦੇ ਨੇੜੇ ਹੀ ਰਹਿੰਦਾ ਹੋਵੇਗਾ। ਸਮੂਏਲ ਦੇ ਬੇਟਿਆਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਦਾ ਦਾਦਾ ਖ਼ੁਦਾ ਦਾ ਭੈ ਰੱਖਣ ਵਾਲਾ ਆਦਮੀ ਸੀ। ਕਿੰਨਾ ਖੂਬਸੂਰਤ ਵਿਚਾਰ ਹੈ। ਖ਼ੁਦਾ ਕਰੇ ਕਿ ਹਰ ਪਿਤਾ ਅਲਕਾਨਾਹ ਵਰਗਾ ਬਣਨ ਅਤੇ ਪਿਤਾ ਹੋਣ ਦੀ ਆਪਣੀ ਜ਼ਿੰਮੇਵਾਰੀ ਨੂੰ ਭਗਤੀ ਭਰੇ ਢੰਗ ਨਾਲ ਨਿਭਾਉਣ ਦੀ ਕੋਸ਼ਿਸ਼ ਕਰੇ!